4

# “ਕੀ ਤੁਸੀਂ ਬਚਾਏ ਗਏ ਹੋ?”

### ਕੀ ਤੁਸੀਂ ਬਾਈਬਲ ਨੂੰ ਫ਼ੈਸਲਾ ਲੈਣ ਦਿਓਗੇ?

**I. ਕੀ ਤੁਸੀਂ ਇਹ ਗੱਲਾਂ ਕੀਤੀਆਂ ਹਨ?**

1. ______________________ ਯੂਹੰਨਾ 6:45
2. ______________________ ਯੂਹੰਨਾ 8:24
3. ______________________ ਰਸੂਲਾਂ ਦੇ ਕੰਮ 17:30
4. ______________________ ਰੋਮੀਆਂ 10:10
5. ______________________ ਮੱਤੀ 28:18,19; ਰਸੂਲਾਂ ਦੇ ਕੰਮ 8:35–39

ਬਪਤਿਸਮਾ ਲੈਣ ਵੇਲੇ: __________________ ਰਸੂਲਾਂ ਦੇ ਕੰਮ 2:36–38

______________________________ ਰਸੂਲਾਂ ਦੇ ਕੰਮ 22:16; ਮਰਕੁਸ 16:16

______________________________ 1 ਪਤਰਸ 3:21

______________________________ ਰਸੂਲਾਂ ਦੇ ਕੰਮ 2:47

**II. ਕੀ ਤੁਸੀਂ ਮਸੀਹ ਵਿਚ ਹੋ?**




ਮਸੀਹ ਤੋਂ ਬਾਹਰ
ਅਫ਼. 2:12, 13

2 ਕੁਰਿੰ. 5:17... __________________

ਕੁਲੁੱ. 1:14 ... __________________

2 ਤਿਮੋ. 2:10.. __________________

1 ਯੂਹੰ. 5:11... __________________

ਅਫ਼. 1:3......... __________________

ਗਲਾ. 3:27; ਰੋਮੀਆਂ 6:3, 4

**III. ਕੀ ਤੁਸੀਂ ਦੇਹ ਵਿਚ ਹੋ?**

1. ਮਸੀਹ ਦੀਆਂ ਕਿੰਨੀਆਂ ਦੇਹਾਂ ਹਨ? __________________ ਰੋਮੀਆਂ 12:5
2. ਉਹ ਇੱਕੋ ਦੇਹ ਕੀ ਹੈ ______________________ ਕੁਲੁੱਸੀਆਂ 1:18, 24
3. ਅਸੀਂ ਉਸ ਦੇਹ ਵਿਚ ਕਿਵੇਂ ਮਿਲਾਏ ਜਾ ਸਕਦੇ ਹਾਂ __________________
   1 ਕੁਰਿੰਥੀਆਂ 12:13
4. ਫਿਰ ਅਸੀਂ ਕੀ ਹੋ ਜਾਂਦੇ ਹਾਂ __________________ 1 ਕੁਰਿੰਥੀਆਂ 12:27
   ਜਾਂ ਦੂਜੇ ਸ਼ਬਦਾਂ ਵਿਚ ਮਸੀਹ ਦੇ ______________________________

Copyright 1992 - Gospel Light Pub. Co., Delight, AR 71940

# ਇੱਕੋ ਬਪਤਿਸਮਾ (ਅਫ਼ਸੀਆਂ 4:5)

1. ਕਿਹਨੂੰ? ਜੋ ਸੁਣ ਕੇ, ਵਿਸ਼ਵਾਸ ਕਰੇ, ਤੌਬਾ ਕਰੇ ਅਤੇ ਇਕਰਾਰ ਕਰੇ।
2. ਕਿਉਂ? ਪਾਪਾਂ ਦੀ ਮਾਫ਼ੀ ਲਈ (ਰਸੂਲਾਂ ਦੇ ਕੰਮ 2:38)।
3. ਕਾਹਦਾ? ਪਾਣੀ ਦਾ (ਮੱਤੀ 3:16; ਰਸੂਲਾਂ 8:38, 39)।
4. ਕਿਵੇਂ? ਦਫ਼ਨਾਏ ਜਾਣ, ਅਤੇ ਜੀ ਉੱਠਣ ਨਾਲ (ਰੋਮੀਆਂ 6:4; ਕੁਲੁੱਸੀਆਂ 2:12)।

ਮੌਤ

ਪਾਪ ਧੋਤੇ ਜਾਂਦੇ ਹਨ
ਮਾਫ਼ੀ ਪਾਏ
ਪਾਣੀ

ਪੁਰਾਣੀ ਜ਼ਿੰਦਗੀ
ਗੁਆਚਿਆ ਹੋਇਆ

ਨਵੀਂ ਜ਼ਿੰਦਗੀ
ਬਚਾਇਆ ਹੋਇਆ

ਨਿਹਚਾ ਕਰ ਕੇ, ਬਪਤਿਸਮਾ ਲਿਆ
(ਮਰਕੁਸ 16:16)



# 4

# ‘‘ਕੀ ਤੁਸੀਂ ਬਚਾਏ ਗਏ ਹੋ?’’

ਅਧਿਐਨ ਸ਼ੀਟ ‘‘ਕੀ ਤੁਸੀਂ ਬਚਾਏ ਗਏ ਹੋ’’ ਨੂੰ ‘‘ਬਚਾਏ ਜਾਣਾ’’ ਨਾਂਅ ਦਿੱਤਾ ਜਾਂਦਾ ਹੈ। ਇਸਦੀ ਵਰਤੋਂ *ਟੀਚਰ ਦੀ ਗਾਈਡ* ਨਾਮਕ ਭਾਗ ਵਿਚ ਪਹਿਲਾਂ ਅਧਿਐਨ ਕੀਤੀਆਂ ਗਈਆਂ ਤਿੰਨ ਅਧਿਐਨ ਸ਼ੀਟਾਂ ਵਿੱਚੋਂ ਕਿਸੇ ਦੇ ਵੀ ਬਾਅਦ ਹੋ ਸਕਦੀ ਹੈ; ਪਰ ਵਧੇਰੇ ਤਰਕ ਭਰੇ ਰੂਪ ਤੋਂ ਇਹ ‘‘ਕੀ ਯਿਸੂ ਮਨੁੱਖ ਲਈ ਇਕ ਨਵਾਂ ਢੰਗ ਹੈ?’’ ਅਧਿਐਨ ਸ਼ੀਟ ਦੇ ਬਾਅਦ ਹੀ ਕੀਤੀ ਜਾਂਦੀ ਹੈ।

**ਮਕਸਦ**

‘‘ਬਚਾਏ ਜਾਣਾ’’ ਦੀ ਇਸ ਸ਼ੀਟ ਦਾ ਉਦੇਸ਼ ਇਹ ਦੱਸਣਾ ਹੈ ਕਿ ਯਿਸੂ ਆਪਣੇ ਲਹੂ ਨਾਲ ਧੋਤੇ ਅਤੇ ਆਪਣੀ ਦੇਹ ਦੇ ਇਕ ਅੰਗ ਦੇ ਰੂਪ ਵਿਚ ਬਚਾਏ ਹੋਏ ਲੋਕਾਂ ਅਰਥਾਤ ਕਲੀਸੀਆ ਦੇ ਰੂਪ ਵਿਚ ਸਾਨੂੰ ਕਬੂਲ ਕਰਨ ਤੋਂ ਪਹਿਲਾਂ ਕੀ ਚਾਹੁੰਦਾ ਹੈ।

**ਸੰਖੇਪ ਵਿਚ ਪਾਠ**

ਸਾਰ ਵਿਚ ਪਾਠ ਇਵੇਂ ਹੈ: ਬਚਾਏ ਜਾਣ ਦੇ ਚਾਹਵਾਨ ਭਾਵ ਆਪਣੇ ਪਾਪਾਂ ਦੀ ਮਾਫ਼ੀ ਚਾਹੁੰਣ ਵਾਲਿਆਂ ਨੂੰ ਖ਼ੁਦਾ ਦਾ ਵਚਨ ਸਿਖਾਉਣਾ ਕਿਉਂ ਜ਼ਰੂਰੀ ਹੈ। ਯਿਸੂ ਵਿਚ ਨਿਹਚਾ ਕਰਕੇ, ਯਿਸੂ ਲਈ ਜਿਉਣ ਨੂੰ ਤਿਆਰ ਹੋ ਕੇ, ਉਸ ਵਿਚ ਆਪਣੀ ਨਿਹਚਾ ਦਾ ਇਕਰਾਰ ਕਰਕੇ ਅਤੇ ਆਪਣੇ ਪਾਪਾਂ ਦੀ ਮਾਫ਼ੀ ਲਈ ਬਪਤਿਸਮਾ ਲੈ ਕੇ ਓਹ ਯਿਸੂ ਵਿਚ ਆ ਸਕਦੇ ਹਨ, ਜਿੱਥੇ ਉਨ੍ਹਾਂ ਨੂੰ ਹਰ ਤਰ੍ਹਾਂ ਦੀਆਂ ਰੂਹਾਨੀ ਬਰਕਤਾਂ ਮਿਲ ਸਕਣਗੀਆਂ। ਮਸੀਹ ਵਿਚ ਬਪਤਿਸਮਾ ਲੈ ਚੁੱਕੇ ਲੋਕ ਇੱਕੋ ਦੇਹ ਭਾਵ ਮਸੀਹ ਦੀ ਕਲੀਸੀਆ ਵਿਚ ਹਨ।

**ਜਾਣ-ਪਛਾਣ**

[ਇਸ ਪਾਠ ਵਿਚ ਜਾਣ–ਪਛਾਣ ਲਈ ਸੰਖੇਪ ਵਿਚ ਪਹਿਲੇ ਤਿੰਨ ਪਾਠ ਦੱਸੇ ਜਾ ਸਕਦੇ ਹਨ। ਅਜਿਹਾ ਕਰਕੇ ਸਿਖਾਉਣ ਵਾਲਾ ਇਹ ਦੱਸ ਸਕਦਾ ਹੈ ਕਿ ਦੁਨੀਆ ਵਿਚ ਪਾਪ ਅਤੇ ਮੌਤ, ਆਦਮ ਅਤੇ ਹੱਵਾਹ ਦੇ ਰਾਹੀਂ ਹੀ ਆਏ। ਸੰਸਾਰ ਦੀ ਰਚਨਾ ਤੋਂ ਪਹਿਲਾਂ ਹੀ, ਖ਼ੁਦਾ ਨੂੰ ਪਤਾ ਸੀ ਕਿ ਪਾਪ ਇਸ ਵਿਚ ਆਵੇਗਾ ਅਤੇ ਉਸ ਨੇ ਪਹਿਲਾਂ ਤੋਂ ਹੀ ਸਲੀਬ ਤੇ ਯਿਸੂ ਦੀ ਮੌਤ ਦੇ ਰਾਹੀਂ ਮਨੁੱਖ ਜਾਤੀ ਦੇ ਬਚਾਏ ਜਾਣ ਦੀ ਯੋਜਨਾ ਬਣਾ ਲਈ ਸੀ। ਉਸ ਨੇ ਇਹ ਸਾਬਤ ਕਰਨ ਲਈ ਕਿ ਮਨੁੱਖ ਆਪਣੇ ਬਚਾਏ ਜਾਣ ਨੂੰ ਆਪੇ ਨਹੀਂ ਕਮਾ ਸਕਦਾ ਬਲਕਿ ਉਸ ਨੂੰ ਯਿਸੂ ਦੇ ਲਹੂ ਰਾਹੀਂ ਮੁਹੱਈਆ ਕਰਾਉਣਾ ਜ਼ਰੂਰੀ ਹੈ, ਸ਼ਰ੍ਹਾ ਦਿੱਤੀ। ਯਿਸੂ ਦੇ ਨਾਂਅ ਵਿਚ ਪਾਪਾਂ

ਦੀ ਮਾਫ਼ੀ ਦਾ ਪ੍ਰਚਾਰ ਯਰੂਸ਼ਲਮ ਤੋਂ ਸ਼ੁਰੂ ਕਰਕੇ ਸਾਰੀ ਦੁਨੀਆਂ ਵਿਚ ਕੀਤਾ ਗਿਆ] ਹਰ ਥਾਂ ਜਿੱਥੇ ਵੀ ਕਿਸੇ ਨੇ ਇਸ ਸੰਦੇਸ਼ ਨੂੰ ਮੰਨਿਆ ਉਹ ਬਿਲਕੁਲ ਉਵੇਂ ਹੀ ਬਚਾਇਆ ਗਿਆ ਜਿਵੇਂ ਪੈਂਟੀਕਾਸਟ ਵਾਲੇ ਦਿਨ ਇੰਜੀਲ ਦੀ ਗੱਲ ਮੰਨਣ ਵਾਲੇ ਬਚਾਏ ਗਏ ਸਨ।]

ਯਿਸੂ ਬਾਰੇ ਇਬਰਾਨੀਆਂ 1:1–4 ਦੱਸਦਾ ਹੈ: (1) ਖ਼ੁਦਾ ਨੇ ਇਸ ਯੁੱਗ ਵਿਚ ਸਾਡੇ ਨਾਲ ਉਸ ਦੇ ਰਾਹੀਂ ਗੱਲ ਕੀਤੀ ਹੈ। (2) ਉਸ ਨੂੰ ਸਭਨਾਂ ਵਸਤਾਂ ਦਾ ਵਾਰਸ ਠਹਿਰਾਇਆ ਹੈ। (3) ਦੁਨੀਆਂ ਓਸੇ ਦੇ ਰਾਹੀਂ ਬਣਾਈ ਗਈ। (4) ਉਹ ਸੁਭਾਅ ਅਤੇ ਤੇਜ ਵਿਚ ਪਿਤਾ ਵਾਂਗ ਹੀ ਹੈ। (5) ਉਹ ਆਪਣੇ ਵਚਨ ਨਾਲ ਸਭ ਵਸਤਾਂ ਨੂੰ ਸੰਭਾਲ ਕੇ ਰੱਖਦਾ ਹੈ। (6) ਉਸ ਨੇ ਸਾਡੇ ਪਾਪਾਂ ਨੂੰ ਮਾਫ਼ ਕਰ ਦਿੱਤਾ ਹੈ। (7) ਆਪਣਾ ਕੰਮ ਪੂਰਾ ਕਰਨ ਕਰਕੇ ਉਹ ਪਿਤਾ ਦੇ ਸੱਜੇ ਪਾਸੇ ਵਿਰਾਜਮਾਨ ਹੋਇਆ ਹੈ।

ਜਗਤ ਦੇ ਪਾਪਾਂ ਦੀ ਮਾਫ਼ੀ ਕਰਨ ਦੇ ਯੋਗ ਹੋਣ ਲਈ ਉਸ ਦਾ ਮੁੱਲ ਸਾਰੇ ਜਗਤ ਤੋਂ ਵਧੇਰੇ ਹੋਣਾ ਲਾਜ਼ਮੀ ਸੀ। ਜੇ ਕੋਈ ਕਿਸੇ ਦੇ ਇਕ ਸੌ ਰੁਪਏ ਵਾਲੇ ਹਜ਼ਾਰ ਬਿਲ ਸਾੜ ਦਏ, ਤਾਂ ਉਸਦੇ ਸਾੜੇ ਸੌ ਰੁਪਏ ਦਾ ਇਕ ਬਿਲ ਦੇਣ ਨਾਲ ਗੱਲ ਨਹੀਂ ਬਣੇਗੀ, ਪਰ ਉਹ ਲੱਖ ਰੁਪਏ ਦਾ ਇੱਕੋ ਬਿਲ ਦੇ ਸਕਦਾ ਹੈ। ਜੇ ਯਿਸੂ ਸਿਰਫ਼ ਮਨੁੱਖ ਹੁੰਦਾ, ਤਾਂ ਉਸ ਨੇ ਸਾਰੇ ਜਗਤ ਦੇ ਪਾਪਾਂ ਲਈ ਮਰਨ ਦੇ ਯੋਗ ਨਹੀਂ ਹੋਣਾ ਸੀ, ਪਰ ਖ਼ੁਦਾ ਹੋਣ (ਯੂਹੰਨਾ 1:1), ਅਤੇ ਸਾਰੇ ਜਗਤ ਤੋਂ ਵਧੇਰੇ ਮੁੱਲ ਦਾ ਹੋਣ ਦੇ ਕਾਰਣ, ਉਹ ਦੁਨੀਆ ਵਿਚ ਰਹਿਣ ਵਾਲੇ ਹਰ ਬੰਦੇ ਦੇ ਪਾਪਾਂ ਦਾ ਮੁੱਲ ਚੁਕਾ ਸਕਦਾ ਸੀ (1 ਯੂਹੰਨਾ 2:2)।

ਇਸ ਲਈ, ਸਵਾਲ ਇਹ ਨਹੀਂ ਕਿ ਯਿਸੂ ਆਪਣੇ ਲਹੂ ਨਾਲ ਸਾਡੇ ਪਾਪਾਂ ਦੀ ਮਾਫ਼ੀ ਕਰਵਾ ਸਕਦਾ ਹੈ ਜਾਂ ਨਹੀਂ, ਬਲਕਿ ਇਹ ਹੈ ਕਿ ਉਸ ਦੇ ਲਹੂ ਨਾਲ ਧੋਤੇ ਜਾਣ ਲਈ ਅਸੀਂ ਕੀ ਕਰਨਾ ਹੈ?

## I. ਕੀ ਤੁਸੀਂ ਬਚਾਏ ਗਏ ਹੋ?

ਸਾਡਾ ਸਭ ਤੋਂ ਅਹਿਮ ਸਵਾਲ ਇਹ ਹੈ ਕਿ ਕੀ ਅਸੀਂ ਉਹ ਕੀਤਾ ਜੈ ਜਾਂ ਨਹੀਂ ਜੋ ਖ਼ੁਦਾ ਸਾਥੋਂ ਚਾਹੁੰਦਾ ਹੈ ਕਿ ਅਸੀਂ ਬਚਾਏ ਜਾਣ ਲਈ ਪਹਿਲ ਕਰੀਏ। ਕੀ ਤੁਹਾਨੂੰ ਲਗਦਾ ਹੈ ਕਿ ਤੁਸੀਂ ਬਚਾਏ ਗਏ ਹੋ? ਜੇ ਹਾਂ, ਤਾਂ ਤੁਸੀਂ ਬਚਾਏ ਜਾਣ ਲਈ ਕੀ ਕੀਤਾ ਸੀ? ਆਓ ਲਿਖ ਲੈਂਦੇ ਹਾਂ, ਕਿ ਤੁਸੀਂ ਕੀ ਕੀਤਾ? ਬਸ ਐਨੀ ਹੀ ਗੱਲ ਹੈ? ਕੀ ਤੁਸੀਂ ਬਪਤਿਸਮਾ ਲਿਆ ਹੈ? ਤੁਸੀਂ ਬਪਤਿਸਮਾ ਕਿਉਂ ਲਿਆ ਸੀ? ਬਚਾਏ ਜਾਣ ਲਈ ਤੁਸੀਂ ਬਪਤਿਸਮਾ ਕਦੋਂ ਲਿਆ ਸੀ? ਕੀ ਤੁਸੀਂ ਬਪਤਿਸਮਾ ਬਚਾਏ ਜਾਣ ਲਈ ਲਿਆ ਸੀ ਜਾਂ ਇਹ ਵਿਖਾਉਣ ਲਈ ਕਿ ਤੁਸੀਂ ਪਹਿਲਾਂ ਹੀ ਬਚਾਏ ਗਏ ਸੀ? ਬਪਤਿਸਮਾ ਤੁਸੀਂ ਕਿਸੇ ਚਰਚ ਦਾ ਮੈਂਬਰ ਬਣਨ ਲਈ ਲਿਆ ਸੀ ਜਾਂ ਬਚਾਏ ਜਾਣ ਲਈ? ਜੇ ''ਬਚਾਇਆ ਹੋਇਆ'' ਸ਼ਬਦ ਲਿਖਣਾ ਹੋਵੇ, ਤਾਂ ਤੁਸੀਂ ਇਸ ਨੂੰ ''ਬਪਤਿਸਮਾ ਲਿਆ'' ਤੋਂ ਪਹਿਲਾਂ ਲਿਖੋਗੇ ਜਾਂ ਬਾਅਦ ਵਿਚ?

ਕੀ ਤੁਸੀਂ ਇਹ ਫ਼ੈਸਲਾ ਕਰਨ ਦਾ ਹੱਕ ਬਾਈਬਲ ਨੂੰ ਦੇਣ ਲਈ ਤਿਆਰ ਹੋ ਕਿ ਤੁਸੀਂ ਬਚਾਏ ਗਏ ਹੋ ਜਾਂ ਨਹੀਂ? ਕੀ ਤੁਸੀਂ ਬਾਈਬਲ ਦੀ ਸਿੱਖਿਆ ਦੀ ਕਸੌਟੀ ਤੇ ਆਪਣੇ ਬਚਾਏ ਜਾਣ ਦੀ ਪੜਤਾਲ ਕਰਨ ਲਈ ਤਿਆਰ ਹੋ?

1. ਬਾਈਬਲ ਸਿਖਾਉਂਦੀ ਹੈ ਕਿ ਸਾਡੇ ਲਈ ਕੁਝ ਗੱਲਾਂ ਕਰਨੀਆਂ ਲਾਜ਼ਮੀ ਹਨ। ਕੀ ਤੁਸੀਂ ਉਹ ਗੱਲਾਂ ਕੀਤੀਆਂ ਹਨ? ਯੂਹੰਨਾ 6:45 ਸਾਨੂੰ ਕੀ ਕਰਨ ਲਈ ਦੱਸਦਾ ਹੈ? [ਯੂਹੰਨਾ

6:45 ਪੜ੍ਹੋ।] ਜੋ ਲੋਕ ਯਿਸੂ ਦੇ ਕੋਲ ਆ ਸਕਦੇ ਹਨ ਉਨ੍ਹਾਂ ਨੇ *ਕੀ* ਕੀਤਾ ਹੈ? [ਖਾਲੀ ਥਾਂ ਵਿਚ ''ਸੁਣਨਾ ਅਤੇ ਸਿੱਖਣਾ'' ਭਰ ਲਓ।] ਇਸ ਆਇਤ ਤੋਂ ਪਤਾ ਲੱਗਦਾ ਹੈ ਕਿ ਯਿਸੂ ਕੋਲ ਆਉਣ ਵਾਲਿਆਂ ਨੂੰ ਖ਼ੁਦਾ ਤੋਂ ਸਿੱਖੇ ਹੋਣਾ ਜ਼ਰੂਰੀ ਹੈ। ਹੁਣ ਅਸੀਂ ਬਾਈਬਲ ਪੜ੍ਹਦੇ ਹਾਂ ਤਾਂ ਸਾਨੂੰ ਕੌਣ ਸਿਖਾ ਰਿਹਾ ਹੁੰਦਾ ਹੈ? ਜੇ ਅਸੀਂ ਬਾਈਬਲ ਪੜ੍ਹ ਰਹੇ ਹਾਂ ਤਾਂ ਸਾਨੂੰ ਮਨੁੱਖ ਸਿਖਾ ਰਿਹਾ ਹੁੰਦਾ ਹੈ ਜਾਂ ਖ਼ੁਦਾ? ਯਿਸੂ ਕੋਲ ਸਾਨੂੰ ਮਨੁੱਖ ਦੀ ਸਿੱਖਿਆ ਲੈ ਕੇ ਆਉਂਦੀ ਹੈ ਜਾਂ ਖ਼ੁਦਾ ਦੀ? ਸਾਨੂੰ ਯਿਸੂ ਕੋਲ ਸਿਰਫ਼ ਖ਼ੁਦਾ ਦੀ ਸਿੱਖਿਆ ਨਹੀਂ ਲਿਆਉਂਦੀ?

2. ਖ਼ੁਦਾ ਦਾ ਵਚਨ ਸਾਨੂੰ ਕੀ ਕਰਨ ਲਈ ਸਿਖਾਉਂਦਾ ਹੈ? [ਯੂਹੰਨਾ 8:24 ਪੜ੍ਹੋ।] ਆਪਣੇ ਪਾਪਾਂ ਵਿਚ ਮਰਨ ਤੋਂ ਬਚਣ ਲਈ ਸਾਨੂੰ *ਕੀ* ਕਰਨਾ ਜ਼ਰੂਰੀ ਹੈ [ਖਾਲੀ ਥਾਂ ਵਿਚ ''ਯਿਸੂ ਵਿਚ ਵਿਸ਼ਵਾਸ'' ਭਰ ਲਓ।] ਕੀ ਹੋਵੇਗਾ ਜੇ ਅਸੀਂ ਯਿਸੂ ਵਿਚ ਵਿਸ਼ਵਾਸ ਨਹੀਂ ਕਰਦੇ (ਯੂਹੰਨਾ 8:21)?

3. ਵਚਨ ਹੋਰ ਕੀ ਦੱਸਦਾ ਹੈ ਜੋ ਸਾਨੂੰ ਕਰਨ ਦੀ ਲੋੜਾ ਹੈ? [ਰਸੂਲਾਂ ਦੇ ਕੰਮ 17:30 ਪੜ੍ਹੋ।] ਖ਼ੁਦਾ ਸਭ ਲੋਕਾਂ ਨੂੰ *ਕੀ* ਕਰਨ ਲਈ ਆਖਦਾ ਹੈ? [ਖਾਲੀ ਥਾਂ ਵਿਚ ''ਤੌਬਾ ਕਰਨ'' ਭਰ ਲਓ।] ਸਾਨੂੰ ਕਿਸ ਤੋਂ ਤੌਬਾ ਕਰਨ ਦੀ ਲੋੜ ਹੈ? ''ਤੌਬਾ ਕਰਨ'' ਦਾ ਕੀ ਅਰਥ ਹੈ? (ਜ਼ਿਆਦਾਤਰ ਲੋਕਾਂ ਦਾ ਮੰਨਣਾ ਹੈ ਕਿ ''ਤੌਬਾ ਕਰਨ'' ਦਾ ਅਰਥ ਆਪਣੇ ਪਾਪਾਂ ਤੋਂ ਸ਼ਰਮਿੰਦੇ ਹੋਣਾ ਹੈ। 2 ਕੁਰਿੰਥੀਆਂ 7:10 ਅਨੁਸਾਰ, ਉਦਾਸੀ ਤੋਂ ਤੌਬਾ ਪੈਦਾ ਹੋਣੀ ਜ਼ਰੂਰੀ ਹੈ, ਪਰ ਸਿਰਫ਼ ਉਦਾਸੀ ਨੂੰ ਹੀ ਤੌਬਾ ਨਹੀਂ ਕਿਹਾ ਜਾ ਸਕਦਾ। ਤੌਬਾ ਕਰਨ ਦਾ ਅਰਥ ਓਹ ਸਭ ਕੰਮ ਕਰਨ ਤੋਂ ਜਿਨ੍ਹਾਂ ਤੋਂ ਖ਼ੁਦਾ ਨਾਖੁਸ਼ ਹੁੰਦਾ ਹੈ ਉਨ੍ਹਾਂ ਗੱਲਾਂ ਨੂੰ *ਕਰਨ* ਵੱਲ ਮੁੜਨ ਦਾ ਫ਼ੈਸਲਾ ਕਰਨਾ ਹੈ, ਜਿਨ੍ਹਾਂ ਤੋਂ ਉਹ ਖੁਸ਼ ਹੁੰਦਾ ਹੈ।)

4. ਯਿਸੂ ਵਿਚ ਵਿਸ਼ਵਾਸ ਕਰਨ ਵਾਲੇ ਨੂੰ ਸਿਰਫ਼ ਆਪਣੇ ਪਾਪਾਂ ਤੋਂ ਤੌਬਾ ਕਰਨ ਦੇ ਨਾਲ–ਨਾਲ ਹੋਰ ਕੀ ਕਰਨ ਦੀ ਲੋੜ ਹੈ? [ਰੋਮੀਆਂ 10:10 ਪੜ੍ਹੋ।] ਬਚਾਏ ਜਾਣ ਲਈ ਮੂੰਹ ਨਾਲ *ਕੀ* ਕੀਤਾ ਜਾਂਦਾ ਹੈ? [ਖਾਲੀ ਥਾਂ ਵਿਚ ''ਇਕਰਾਰ'' ਭਰੋ।] *ਕਾਹਦਾ* ਇਕਰਾਰ ਕੀਤਾ ਜਾਂਦਾ ਹੈ [ਰੋਮੀਆਂ 10:9]? ਆਪਣੇ ਪਾਪਾਂ ਦਾ ਇਕਰਾਰ *ਨਹੀਂ* ਬਲਕਿ ਯਿਸੂ ਦੇ ਮਸੀਹ ਅਰਥਾਤ ਖ਼ੁਦਾ ਦਾ ਪੁੱਤਰ ਹੋਣ ਦਾ ਇਕਰਾਰ (ਮੱਤੀ 16:16)।

5. ਯਿਸੂ ਵਿਚ ਵਿਸ਼ਵਾਸ ਕਰਨ ਵਾਲੇ ਨੂੰ ਹੋਰ ਕੀ ਕਰਨ ਦੀ ਲੋੜ ਹੈ? [ਮੱਤੀ 28:18, 19; ਰਸੂਲਾਂ ਦੇ ਕੰਮ 8:35–39 ਪੜ੍ਹੋ।] ਸਿੱਖ ਕੇ ਯਿਸੂ ਵਿਚ ਵਿਸ਼ਵਾਸ ਕਰਨ ਵਾਲਿਆਂ ਨੂੰ *ਕੀ* ਕਰਨਾ ਜ਼ਰੂਰੀ ਹੈ? [ਖਾਲੀ ਥਾਂ ਵਿਚ ''ਬਪਤਿਸਮਾ ਲੈਣਾ'' ਭਰੋ।]

ਬਪਤਿਸਮਾ ਲੈਣ ਵੇਲੇ ਕੀ ਵਾਅਦਾ ਦਿੱਤਾ ਗਿਆ? ਇਸ ਨਵੇਂ ਰਾਹ ਦਾ ਸੰਦੇਸ਼ ਸਭ ਤੋਂ ਪਹਿਲਾਂ ਸੁਣਨ ਵਾਲਿਆਂ ਨੂੰ ਯਿਸੂ ਦੇ ਨਾਂਅ ਵਿਚ ਕਿਹੜੀ ਗੱਲ ਲਈ ਬਪਤਿਸਮਾ ਲੈਣ ਨੂੰ ਕਿਹਾ ਗਿਆ ਸੀ? [ਰਸੂਲਾਂ ਦੇ ਕੰਮ 2:38 ਪੜ੍ਹੋ।] ਉਨ੍ਹਾਂ ਨੂੰ ਕਾਹਦੇ ਲਈ ਬਪਤਿਸਮਾ ਦਿੱਤਾ ਗਿਆ ਸੀ? [ਖਾਲੀ ਥਾਂ ਵਿਚ ''ਪਾਪਾਂ ਦੀ ਮਾਫ਼ੀ'' ਭਰੋ।]

ਸੌਲੁਸ ਯਿਸੂ ਵਿਚ ਵਿਸ਼ਵਾਸ ਕਰਨ ਲੱਗਾ ਸੀ ਅਤੇ ਉਸ ਨੇ ਆਪਣੇ ਪਾਪਾਂ ਤੋਂ ਤੌਬਾ ਕਰ ਲਈ ਸੀ। ਉਸ ਨੂੰ ਮਾਫ਼ੀ ਪਾਉਣ ਲਈ ਕੀ ਕਰਨ ਲਈ ਕਿਹਾ ਗਿਆ ਸੀ? [ਰਸੂਲਾਂ ਦੇ ਕੰਮ 22:16 ਪੜ੍ਹੋ।] ਉਸ ਨੂੰ ਬਪਤਿਸਮਾ ਲੈਣ ਲਈ *ਕਿਉਂ* ਕਿਹਾ ਗਿਆ ਸੀ [ਖਾਲੀ ਥਾਂ ਵਿਚ ''ਪਾਪ ਧੋ ਸੁੱਟਣ'' ਭਰੋ।]

ਵਿਸ਼ਵਾਸ ਕਰਨ ਅਤੇ ਬਪਤਿਸਮਾ ਲੈਣ ਬਾਰੇ ਯਿਸੂ ਨੇ ਕੀ ਕਿਹਾ ਸੀ? [ਮਰਕੁਸ

16:15, 16.] ਯਿਸੂ ਨੇ ਕਿਹਾ ਸੀ ਕਿ ਜਿਹੜਾ ਵਿਸ਼ਵਾਸ ਕਰੇ ਅਤੇ ਬਪਤਿਸਮਾ ਲਵੇ ਉਹ *ਕੀ* ਹੋਵੇਗਾ? [ਖਾਲੀ ਥਾਂ ਵਿਚ ''ਬਚਾਏ ਜਾਵੇਗਾ'' ਭਰ ਲਓ।] ਜੋ ਕੁਝ ਪਤਰਸ ਨੇ ਲਿਖਿਆ ਭਲਾ ਉਹ ਯਿਸੂ ਦੀ ਸਿੱਖਿਆ ਨਾਲ ਮੇਲ ਖਾਂਦਾ ਸੀ? [1 ਪਤਰਸ 3:21 ਪੜ੍ਹੋ।] ਪਤਰਸ *ਕੀ* ਆਖਦਾ ਸੀ ਕਿ ਬਪਤਿਸਮਾ ਹੁਣ ਸਾਡੇ ਲਈ ਕੀ ਕਰਦਾ ਹੈ? ਕੀ ਇਹ ਯਿਸੂ ਦੀ ਗੱਲ ਨਾਲ ਮੇਲ ਖਾਂਦਾ ਹੈ?

ਇਸ ਭਾਗ ਵਿਚ ਅਸੀਂ ਕੀ ਸਿੱਖਿਆ ਹੈ? ਅਸੀਂ ਸਿੱਖਿਆ ਹੈ ਕਿ ਜੋ ਲੋਕ ਖ਼ੁਦਾ ਦੇ ਵਚਨ ਦੀ ਸਿੱਖਿਆ ਨੂੰ ਮੰਨ ਕੇ ਯਿਸੂ ਵਿਚ ਵਿਸ਼ਵਾਸ ਕਰਦੇ ਹਨ, ਯਿਸੂ ਲਈ ਜ਼ਿੰਦਗੀ ਬਿਤਾਉਣ ਦਾ ਫ਼ੈਸਲਾ ਕਰਕੇ ਬਪਤਿਸਮਾ ਲੈਂਦੇ ਹਨ, ਉਸ ਵਿਚ ਵਿਸ਼ਵਾਸ ਦਾ ਇਕਰਾਰ ਕਰਕੇ ਉਹ ਆਪਣੇ ਪਾਪਾਂ ਤੋਂ ਬਚਾਏ ਜਾਣਗੇ [''ਬਚਾਏ ਜਾਣ'' ਦਾ ਅਰਥ ਪਾਪਾਂ ਤੋਂ ਬਚਾਏ ਜਾਣਾ ਹੈ (ਮੱਤੀ 1:21)।]

ਬਚਾਏ ਜਾਣ ਵਾਲਿਆਂ ਨੂੰ ਇਕੱਲਾ ਨਹੀਂ ਛੱਡਿਆ ਜਾਂਦਾ। ਉਨ੍ਹਾਂ ਨੂੰ ਕਿਸ ਵਿਚ ਰਲਾਇਆ ਜਾਂਦਾ ਹੈ? [ਰਸੂਲਾਂ ਦੇ ਕੰਮ 2:47 ਪੜ੍ਹੋ।] ਬਚਾਏ ਜਾਣ ਵਾਲਿਆਂ ਨੂੰ *ਕਿਹਦੇ ਵਿਚ* ਰਲਾਇਆ ਜਾਂਦਾ ਹੈ? [ਖਾਲੀ ਥਾਂ ਵਿਚ ''ਕਲੀਸੀਆ ਵਿਚ ਰਲਾਇਆ'' ਜਾਂ ''ਉਨ੍ਹਾਂ ਵਿਚ ਰਲਾਇਆ'' ਭਰੋ।] ਸਮਝਾਓ ਕਿ ਬਪਤਿਸਮਾ ਲੈਣ ਤੇ ਅਸੀਂ ਬਚਾਏ ਜਾਂਦੇ ਹਾਂ ਅਤੇ ਖ਼ੁਦਾ ਸਾਨੂੰ ਵਿਸ਼ਵਾਸੀਆਂ ਦੀ ਮੰਡਲੀ ਭਾਵ ਕਲੀਸੀਆ ਵਿਚ ਰਲਾ ਲੈਂਦਾ ਹੈ।

## II. ਮਸੀਹ ਵਿਚ

ਇਸ ਵਿਚ ਕੋਈ ਸ਼ੱਕ ਨਹੀਂ ਕਿ ਬਚਾਏ ਜਾਣ ਵਰਗੇ ਮਹੱਤਵਪੂਰਨ ਵਿਸ਼ੇ ਤੇ ਵਿਚਾਰ ਕਰਦੇ ਹੋਏ, ਹਰ ਕਿਸੇ ਨੂੰ ਇਹ ਸਪੱਸ਼ਟ ਹੋਵੇ ਕਿ ਉਹ ਬਾਈਬਲ ਦੀ ਸਿੱਖਿਆ ਨੂੰ ਸਮਝਦਾ ਹੈ। ਆਮਦਨ ਕਰ ਦਾ ਫਾਰਮ ਭਰਦੇ ਸਮੇਂ ਅਸੀਂ ਆਮ ਤੌਰ ਤੇ ਦੋ–ਤਿੰਨ ਵਾਰ ਵੇਖ ਲੈਂਦੇ ਹਾਂ ਕਿ ਕੋਈ ਗਲਤੀ ਨਾ ਰਹਿ ਜਾਵੇ ਅਤੇ ਕਿਸੇ ਤਰ੍ਹਾਂ ਦੀ ਗਲਤੀ ਨੂੰ ਲੱਭਣ ਲਈ ਅਸੀਂ ਦੋ–ਤਿੰਨ ਤਰ੍ਹਾਂ ਦੇ ਵੱਖ–ਵੱਖ ਢੰਗ ਅਪਣਾਉਂਦੇ ਹਾਂ, ਇਹ ਤੈਅ ਕਰਨ ਲਈ ਕਿ ਬਚਾਏ ਜਾਣ ਬਾਰੇ ਬਾਈਬਲ ਕੀ ਸਿਖਾਉਂਦੀ ਹੈ, ਉਨ੍ਹਾਂ ਨੂੰ ਹੋਰ ਵੀ ਸਾਵਧਾਨੀ ਵਰਤਣੀ ਚਾਹੀਦੀ ਹੈ।

ਇਸ ਭਾਗ ਵਿਚ ਅਸੀਂ ਇਹ ਪੱਕਾ ਕਰਨ ਲਈ, ਚੈੱਕ ਕਰਾਂਗੇ ਕਿ ਸਾਨੂੰ ਪਤਾ ਹੈ ਕਿ ਯਿਸੂ ਦੇ ਲਹੂ ਤੋਂ ਮਿਲਣ ਵਾਲੇ ਲਾਭ ਸਾਨੂੰ ਕਦੋਂ ਮਿਲੇ। ਅਜਿਹਾ ਅਸੀਂ ਮਸੀਹ ਵਿਚ ਮਿਲਣ ਵਾਲੀਆਂ ਬਰਕਤਾਂ ਤੇ ਵਿਚਾਰ ਕਰਕੇ ਅਤੇ ਇਹ ਤੈਅ ਕਰਕੇ ਕਰਾਂਗੇ ਕਿ ਉਨ੍ਹਾਂ ਬਰਕਤਾਂ ਨੂੰ ਪਾਉਣ ਲਈ ਅਸੀਂ ਮਸੀਹ ਵਿਚ ਕਿਵੇਂ ਆਉਂਦੇ ਹਾਂ।

''ਮਸੀਹ ਵਿਚ'' ਕਿਹੜੀਆਂ ਰੂਹਾਨੀ ਬਰਕਤਾਂ ਮਿਲਦੀਆਂ ਹਨ? [2 ਕੁਰਿੰਥੀਆਂ 5:17 ਪੜ੍ਹੋ।] ਮਸੀਹ ਵਿਚ ਆਉਣ ਵਾਲਾ ਆਦਮੀ *ਕੀ* ਹੈ? [2 ਕੁਰਿੰਥੀਆਂ 5:17 ਦੇ ਬਾਅਦ ਅਤੇ ਉਸ ਰੇਖਾ ਚਿੱਤਰ ਵਿਚ ਜਿਸ ਵਿਚ ''ਮਸੀਹ ਵਿਚ'' ਸ਼ਬਦ ਦਿੱਤੇ ਗਏ ਹਨ, ਖਾਲੀ ਥਾਂ ਵਿਚ ''ਨਵੀਂ ਸਰਿਸ਼ਟ'' ਭਰੋ।]

ਮਸੀਹ ਵਿਚ ਸਾਨੂੰ ਕਿਹੜੀਆਂ ਰੂਹਾਨੀ ਬਰਕਤਾਂ ਮਿਲਦੀਆਂ ਹਨ? [KJV ਵਿੱਚੋਂ ਕੁਲੁੱਸੀਆਂ 1:14 ਪੜ੍ਹੋ, ਪਰ ਜੇ KJV ਵਿੱਚੋਂ ਨਹੀਂ ਤਾਂ ਅਫ਼ਸੀਆਂ 1:7 ਪੜ੍ਹੋ।] ਮਸੀਹ ਵਿਚ ਕੀ ਬਰਕਤ ਹੈ? [ਖਾਲੀ ਥਾਂ ਵਿਚ ''ਪਾਪਾਂ ਦੀ ਮਾਫ਼ੀ'' ਭਰ ਲਓ।] ਮਸੀਹ ਵਿਚ ਪਾਪਾਂ ਦੀ ਮਾਫ਼ੀ ਕਿਵੇਂ ਮਿਲਦੀ ਹੈ? ਮਸੀਹ ਵਿਚ ਕੀ ਹੈ ਜਿਸ ਨਾਲ ਪਾਪਾਂ ਦੀ ਮਾਫ਼ੀ ਮਿਲਦੀ ਹੈ? ਭਲਾ

ਮਸੀਹ ਦਾ *ਲਹੂ* ਹੈ ਜਿਸ ਵਿਚ ਪਾਪਾਂ ਦੀ ਮਾਫ਼ੀ ਮਿਲਦੀ ਹੈ? ਮਸੀਹ ਵਿਚ ਆਉਣ ਵਾਲਿਆਂ ਨੂੰ ਯਿਸੂ ਦੇ *ਲਹੂ* ਦੇ ਰਾਹੀਂ ਮਾਫ਼ੀ ਮਿਲ ਗਈ ਹੈ।

ਮਸੀਹ ਵਿਚ ਮਿਲਣ ਵਾਲੀ ਦੂਜੀ ਬਰਕਤ ਕਿਹੜੀ ਹੈ? [2 ਤਿਮੋਥਿਉਸ 2:10 ਪੜ੍ਹੋ।] *ਕੀ* ਬਰਕਤ ਹੈ ਮਸੀਹ ਵਿਚ? [ਖਾਲੀ ਥਾਂ ਵਿਚ ''ਬਚਾਏ ਜਾਣ ਦੀ'' ਭਰੋ।] ਮਸੀਹ ਵਿਚ ਬਚਾਏ ਜਾਣਾ ਉਸ ਵਿਚ ਮਿਲਣ ਵਾਲੀ ਦੂਜੀ ਬਰਕਤ ਕਰਕੇ ਹੈ (2 ਤਿਮੋਥਿਉਸ 2:1)। ਇਹ ਦੂਜੀ ਬਰਕਤ ਕਿਹੜੀ ਹੈ? ਖ਼ੁਦਾ ਦੀ *ਕਿਰਪਾ* ਦੇ ਕਾਰਣ, ਮਨੁੱਖ ਜਾਤੀ ਦੇ ਬਚਾਏ ਜਾਣ ਲਈ ਯਿਸੂ ਦਾ ਲਹੂ ਵਹਾਇਆ ਗਿਆ ਸੀ। ਇਹ ਕਿਰਪਾ ਮਸੀਹ ਵਿਚ ਹੈ ਅਤੇ ਇਸ ਨਾਲ ਮਸੀਹ ਵਿਚ ਆਉਣ ਵਾਲੇ ਬਚਾਏ ਜਾਂਦੇ ਹਨ।

ਮਸੀਹ ਵਿਚ ਮਿਲਣ ਵਾਲੀ ਹੋਰ ਰੂਹਾਨੀ ਬਰਕਤ ਕਿਹੜੀ ਹੈ? [1 ਯੂਹੰਨਾ 5:11 ਪੜ੍ਹੋ।] ਮਸੀਹ ਵਿਚ *ਕੀ* ਬਰਕਤ ਹੈ? [ਖਾਲੀ ਥਾਂ ਵਿਚ ''ਹਮੇਸ਼ਾ ਦੀ ਜ਼ਿੰਦਗੀ'' ਭਰੋ।] ਹਮੇਸ਼ਾ ਦੀ ਜ਼ਿੰਦਗੀ ਪਾਉਣ ਲਈ ਯਿਸੂ ਵਿਚ ਵਿਸ਼ਵਾਸ ਕਰਨ ਲਈ (ਯੂਹੰਨਾ 3:16) ਉਹੀ ਕਰਨਾ ਜ਼ਰੂਰੀ ਹੈ ਜੋ ਮਸੀਹ ਵਿਚ ਆਉਣ ਲਈ ਕਰਨਾ ਜ਼ਰੂਰੀ ਹੈ।

ਮਸੀਹ ਵਿਚ ਸਾਨੂੰ ਹੋਰ ਕੀ ਮਿਲਦਾ ਹੈ? [ਅਫ਼ਸੀਆਂ 1:3] ਮਸੀਹ ਵਿਚ *ਕਿੰਨੀਆਂ* ਰੂਹਾਨੀ ਬਰਕਤਾਂ ਹਨ? [ਖਾਲੀ ਥਾਂ ਵਿਚ ''ਹਰ ਤਰ੍ਹਾਂ ਦੀਆਂ ਰੂਹਾਨੀ ਬਰਕਤਾਂ'' ਭਰੋ] ਬਹੁਤ ਸਾਰੇ ਲੋਕਾਂ ਨੂੰ ਪੈਸਾ, ਕਾਰ, ਜਾਇਦਾਦ, ਚੀਜ਼ਾਂ ਪੁਰਾਣੇ ਨੇਮ ਦੀਆਂ ਦੁਨਿਆਵੀ ਬਰਕਤਾਂ ਆਦਿ ਹੋਣਾ, ਮਸੀਹ ਵਿਚ ਹੋਣ ਦਾ ਸੰਕੇਤ ਹੀ ਲੱਗਦਾ ਹੈ; ਪਰ ਮਸੀਹ ਵਿਚ ਆਉਣ ਵਾਲਿਆਂ ਨੂੰ ਇਨ੍ਹਾਂ ਬਰਕਤਾਂ ਦਾ ਵਾਅਦਾ ਨਹੀਂ ਦਿੱਤਾ ਗਿਆ ਹੈ। ਜੋ ਮਸੀਹੀ ਨਹੀਂ ਹਨ ਉਨ੍ਹਾਂ ਕੋਲ ਇਹ ਸਭ ਬਰਕਤਾਂ ਹੋ ਸਕਦੀਆਂ ਹਨ, ਪਰ ਹਰ ਤਰ੍ਹਾਂ ਦੀਆਂ ਰੂਹਾਨੀ ਬਰਕਤਾਂ ਸਿਰਫ਼ ਉਨ੍ਹਾਂ ਲੋਕਾਂ ਲਈ ਹਨ ਜੋ ਮਸੀਹ ਵਿਚ ਹਨ ਭਾਵ ਜੋ ਲੋਕ ਮਸੀਹੀ ਹਨ।

**ਮਸੀਹ ਤੋਂ ਬਾਹਰ** ਰਹਿਣ ਵਾਲਿਆਂ ਦੀ ਹਾਲਤ ਕੀ ਹੈ? ਕੀ ਉਨ੍ਹਾਂ ਨੂੰ ਮਸੀਹ ਵਿਚ ਮਿਲਣ ਵਾਲੀਆਂ ਬਰਕਤਾਂ ਮਿਲਦੀਆਂ ਹਨ? [ਅਫ਼ਸੀਆਂ 2:12, 13 ਪੜ੍ਹੋ।] ਮਸੀਹ ਤੋਂ ਬਾਹਰ ਰਹਿਣ ਵਾਲੇ ਕਿਸ ਦੇ ਬਗੈਰ ਹਨ? [ਖਾਲੀ ਥਾਂ ਵਿਚ ''ਮਸੀਹ ਤੋਂ ਬਾਹਰ'' ਦੇ ਹੇਠਾਂ ''ਮਸੀਹ ਦੇ ਬਗੈਰ,'' ''ਆਸ ਤੋਂ ਬਿਨਾਂ'' ਅਤੇ ''ਖ਼ੁਦਾ ਤੋਂ ਬਿਨਾਂ'' ਭਰੋ।]

ਧਿਆਨ ਵਿਚ ਕਿ ਮਸੀਹ ਵਿਚ ਆਉਣ ਤੋਂ ਪਹਿਲਾਂ ਓਹ ਦੂਰ ਸਨ, ਪਰ *ਹੁਣ ਮਸੀਹ ਵਿਚ* ਹੋਣ ਕਰਕੇ ਉਨ੍ਹਾਂ ਨੂੰ ਯਿਸੂ ਦੇ ਲਹੂ ਦੇ ਰਾਹੀਂ ਨੇੜੇ ਲਿਆਂਦਾ ਗਿਆ ਹੈ। ਖ਼ੁਦਾ ਤੋਂ ਦੂਰ ਰਹਿਣ ਵਾਲਿਆਂ ਨੂੰ ਖ਼ੁਦਾ ਦੇ ਨੇੜੇ *ਯਿਸੂ ਦਾ ਲਹੂ* ਹੀ ਲਿਆ ਸਕਦਾ ਹੈ। ਯਿਸੂ ਦੇ ਲਹੂ ਦੇ ਰਾਹੀਂ ਨੇੜੇ ਲਿਆਂਦੇ ਗਏ ਲੋਕ ਮਸੀਹ ਵਿਚ ਹਨ। ਯਿਸੂ ਦੇ ਲਹੂ ਤੋਂ ਮਿਲਣ ਵਾਲੇ ਲਾਭ ਨੂੰ ਪਾਉਣ ਲਈ ਕਿੱਥੇ ਹੋਣਾ ਜ਼ਰੂਰੀ ਹੈ? ਮਸੀਹ ਵਿਚ ਹੋਣਾ ਜ਼ਰੂਰੀ ਹੈ।

ਭਲਾ ਯਿਸੂ ਤੋਂ ਬਾਹਰ ਰਹਿ ਕੇ ਰੂਹਾਨੀ ਬਰਕਤਾਂ ਪਾਈਆਂ ਜਾ ਸਕਦੀਆਂ ਹਨ? ਖ਼ੁਦਾ ਨੇ ਰੂਹਾਨੀ ਬਰਕਤਾਂ ਮਸੀਹ ਵਿਚ ਹੀ ਦੇਣ ਦੀ ਯੋਜਨਾ ਬਣਾਈ ਅਤੇ ਵਾਅਦਾ ਕੀਤਾ (ਉਤਪਤ 22:18; ਗਲਾਤੀਆਂ 3:14–16)?

ਪਵਿੱਤਰ ਲਿਖਤ ਵਿਚ ਸਿਰਫ਼ ਦੋ ਥਾਂ ਦੱਸਿਆ ਗਿਆ ਹੈ ਕਿ ਕੋਈ ਯਿਸੂ ਵਿਚ ਕਦੋਂ ਆਉਂਦਾ ਹੈ। ਅਸੀਂ ਯਿਸੂ ਵਿਚ ਕਿਵੇਂ ਆਉਂਦੇ ਹਾਂ? [ਗਲਾਤੀਆਂ 3:27 ਅਤੇ ਰੋਮੀਆਂ 6:3, 4 ਪੜ੍ਹੋ।] ਕੋਈ ਯਿਸੂ ਵਿਚ *ਕਦੋਂ* ਆਉਂਦਾ ਹੈ? [ਖਾਲੀ ਥਾਂ ਵਿਚ ''ਵਿਚ ਬਪਤਿਸਮਾ ਲਿਆ'' ਭਰੋ।]

ਮਸੀਹ ਵਿਚ ਮਿਲਣ ਵਾਲੀਆਂ ਬਰਕਤਾਂ ਪਾਉਣ ਲਈ ਕੀ ਕਰਨਾ ਜ਼ਰੂਰੀ ਹੈ? ਜੇ ਕੋਈ ਮਸੀਹ ਤੋਂ ਬਾਹਰ ਰਹਿ ਕੇ ਇਨ੍ਹਾਂ ਬਰਕਤਾਂ ਨੂੰ ਪਾ ਸਕਦਾ ਹੈ ਤਾਂ ਉਹ ਇਨ੍ਹਾਂ ਨੂੰ ਯਿਸੂ ਦੇ ਬਿਨਾਂ ਵੀ ਪਾ ਸਕਦਾ ਹੈ ਕਿਉਂਕਿ ਯਿਸੂ ਦਾ ਲਹੂ ਉਨ੍ਹਾਂ ਲਈ ਹੈ ਜੋ ਉਸ ਵਿਚ ਹਨ।

ਧਿਆਨ ਦਿਓ ਕਿ ਕਿਵੇਂ ਭਾਗ I ਅਤੇ II ਇੱਕੋ ਸਚਿਆਈ ਸਿਖਾਉਂਦੇ ਹਨ। ਬਪਤਿਸਮਾ ਲੈਣ ਵਾਲੇ ਨੂੰ ''ਪਾਪਾਂ ਦੀ ਮਾਫ਼ੀ,'' ''ਪਾਪ ਤੋਂ ਸ਼ੁੱਧ ਹੋਣ'' ਅਤੇ ''ਬਚਾਏ ਜਾਣ'' ਦੀ ਬਰਕਤ ਮਿਲਦੀ ਹੈ। ਮਸੀਹ ਵਿਚ ਬਪਤਿਸਮਾ ਲੈਣ ਤੇ, ਅਸੀਂ ਯਿਸੂ ਦੇ ਲਹੂ ਦੇ ਰਾਹੀਂ ਇਕ ''ਨਵੀਂ ਸਰਿਸ਼ਟ'' ਬਣ ਜਾਂਦੇ ਹਾਂ ਕਿਉਂਕਿ ਪੁਰਾਣੀਆਂ ਗੱਲਾਂ (ਜ਼ਾਹਿਰ ਹੈ ਕਿ ਪਾਪ) ਬੀਤ ਗਈਆਂ, ਜਿਸ ਦਾ ਅਰਥ ''ਪਾਪ ਧੋਤੇ ਗਏ'' ਅਤੇ ਯਿਸੂ ਦੇ ਲਹੂ ਦੇ ਰਾਹੀਂ ''ਪਾਪਾਂ ਦੀ ਮਾਫ਼ੀ'' ਅਤੇ ''ਬਚਾਏ ਜਾਂਦੇ'' ਹਾਂ, ਜਾਂ ਇਹ ਕਹੀਏ ਕਿ ਅਸੀਂ ''ਬਚਾਏ ਗਏ'' ਹਾਂ।

ਮਾਫ਼ੀ ਦੇ *ਕੀ?* ਅਤੇ *ਕਦੋਂ?* ਤੇ ਧਿਆਨ ਦਿਓ। ਯਿਸੂ ਦਾ ਲਹੂ ਹੀ ਹੈ ਜਿਸ ਨਾਲ ਪਾਪ ਮਾਫ਼ ਹੁੰਦੇ ਹਨ, ਜਦ ਕਿ ਬਪਤਿਸਮਾ ਲੈਣ ਤੇ ਹੀ ਯਿਸੂ ਦਾ ਲਹੂ ਸਾਡੇ ਪਾਪਾਂ ਨੂੰ ਮਾਫ਼ ਕਰਦਾ ਹੈ। ਬਪਤਿਸਮਾ *ਕੀ* ਨਹੀਂ ਹੈ। ਇਸ ਦੇ ਬਜਾਇ ਸਾਡੇ ਪਾਪ ਬਪਤਿਸਮਾ ਲੈਣ ਨਾਲ ਹੀ ਸਾਫ਼ ਹੁੰਦੇ ਹਨ। ਬਾਈਬਲ ਦੇ *ਕੀ* ਅਤੇ *ਕਦੋਂ* ਦੀ ਵਧੀਆ ਉਦਾਹਰਣ ਅੰਨ੍ਹੇ ਦਾ ਸੁਜਾਖਾ ਹੋਣਾ ਹੈ (ਯੂਹੰਨਾ 9:1–7)। ਯਿਸੂ ਦੀ ਸ਼ਕਤੀ ਨੇ ਹੀ ਉਸ ਨੂੰ ਸੁਜਾਖਾ ਕੀਤਾ, ਪਰ ਸਿਲੋਆਮ ਦੇ ਤਲਾਅ ਵਿਚ ਧੋਣ ਤੇ ਹੀ ਉਹ ਵੇਖਣ ਲੱਗ ਪਿਆ ਸੀ। ਉਹ ਸੁਜਾਖਾ ਪਾਣੀ ਨਾਲ ਨਹੀਂ ਬਲਕਿ ਯਿਸੂ ਦੀ ਸ਼ਕਤੀ ਨਾਲ ਹੋਇਆ ਸੀ। ਇਸ ਲਈ ਸਾਡੇ ਪਾਪਾਂ ਦੀ ਮਾਫ਼ੀ ਬਪਤਿਸਮੇ *ਤੇ* ਨਹੀਂ (ਇਹ ਤਾਂ ਯਿਸੂ ਦੇ ਲਹੂ *ਤੇ* ਹੁੰਦੀ ਹੈ) ਬਲਕਿ ਓਦੋਂ ਹੀ ਹੁੰਦੀ ਹੈ *ਜਦ* ਯਿਸੂ ਦਾ ਲਹੂ ਮਾਫ਼ ਕਰਦਾ ਹੈ।

### ਇੱਕੋ ਬਪਤਿਸਮਾ

*[*ਇਹ ਪੱਕਾ ਕਰਨ ਲਈ ਕਿ ਸਿੱਖਣ ਵਾਲੇ ਨੂੰ ਬਪਤਿਸਮੇ ਬਾਰੇ ਬਾਈਬਲ ਦੀ ਸਿੱਖਿਆ ਸਮਝ ਆਉਂਦੀ ਹੈ, ਅਧਿਐਨ ਸ਼ੀਟ ਦੇ *ਪਿੱਛੇ* (ਵੇਖੋ ਸਫ਼ਾ 145) ''ਇੱਕੋ ਬਪਤਿਸਮਾ (ਅਫ਼ਸੀਆਂ 4:5)'' ਲਿਖੋ। ਫਿਰ ਲਿਖੋ: ''1. ਕੌਣ?'' ''2. ਕਿਉਂ?''; ''3. ਕੀ?'' ''4. ਕਿਵੇਂ?''*]*

ਬਾਈਬਲ ਇਹ ਨਹੀਂ ਸਿਖਾਉਂਦੀ ਕਿ *ਹਰ* ਬਪਤਿਸਮਾ ਸਹੀ ਹੈ। ਬਾਈਬਲ ਸਿਖਾਉਂਦੀ ਹੈ ਕਿ ਬਪਤਿਸਮਾ *ਇੱਕੋ* ਹੈ। ਕਿਸੇ ਦੀ ਜੇਬ ਵਿਚ ਬਹੁਤ ਸਾਰੀਆਂ ਚਾਬੀਆਂ ਹੋ ਸਕਦੀਆਂ ਹਨ, ਪਰ ਜੇ ਉਸ ਕੋਲ ਸਹੀ ਚਾਬੀ ਨਹੀਂ ਹੈ, ਤਾਂ ਉਹ ਦਰਵਾਜ਼ਾ ਨਹੀਂ ਖੋਲ੍ਹ ਸਕੇਗਾ। ਇਸੇ ਤਰ੍ਹਾਂ, ਕਿਸੇ ਨੇ ਕਈ ਵਾਰ ਬਪਤਿਸਮਾ ਲਿਆ ਹੋ ਸਕਦਾ ਹੈ, ਪਰ ਹੋ ਸਕਦਾ ਹੈ ਕਿ ਉਹ ਇੱਕੋ ਬਪਤਿਸਮਾ ਨਾ ਲਿਆ ਹੋਵੇ ਜਿਸ ਦਾ ਯਿਸੂ ਨੇ ਹੁਕਮ ਦਿੱਤਾ ਸੀ।

ਅਧਿਐਨ ਸ਼ੀਟ ਦੇ ਸਾਹਮਣੇ ਵਾਲੇ ਭਾਗ ਤੋਂ ਅਸੀਂ ਸਿੱਖਿਆ ਹੈ ਕਿ ਬਪਤਿਸਮਾ ਕਿਸ ਨੂੰ ਦਿੱਤਾ ਜਾਣਾ ਚਾਹੀਦਾ ਹੈ। ਬਪਤਿਸਮਾ *ਕਿਸ ਨੂੰ* ਦਿੱਤਾ ਜਾਣਾ ਹੈ? ਜਿਨ੍ਹਾਂ ਨੇ ਸੁਣਿਆ ਅਤੇ ਸਿੱਖ ਕੇ, ਯਿਸੂ ਵਿਚ ਵਿਸ਼ਵਾਸ ਕੀਤਾ, ਤੌਬਾ ਕੀਤੀ ਅਤੇ ਯਿਸੂ ਦਾ ਇਕਰਾਰ ਕੀਤਾ ਹੈ। *[ਪਿਛਲੇ ਪਾਸੇ,* ''ਸੁਣਨਾ, ਵਿਸ਼ਵਾਸ ਕਰਨਾ, ਤੌਬਾ ਕਰਨਾ, ਇਕਰਾਰ ਕਰਨਾ'' ਲਿਖੋ। ''ਕਿਸ ਨੂੰ?'' ਦੇ ਬਾਅਦ ਲਿਖ ਕੇ ਦੱਸੋ ਕਿ ਇਹ ਦੂਜੇ ਪਾਸੇ ਸਮਝਾਇਆ ਗਿਆ ਸੀ। ਵੇਖੋ ਸਫ਼ਾ 145।*]*

ਬਪਤਿਸਮਾ *ਕਿਉਂ* ਦਿੱਤਾ ਜਾਂਦਾ ਹੈ? ਪੈਂਟੀਕਾਸਟ ਵਾਲੇ ਦਿਨ ਜਦ ਯਿਸੂ ਦੇ ਨਾਂਅ 'ਚ ਪਹਿਲੀ ਵਾਰ ਪਾਪਾਂ ਦੀ ਮਾਫ਼ੀ ਦਾ ਪ੍ਰਚਾਰ ਕੀਤਾ ਗਿਆ ਤਾਂ ਪਤਰਸ ਨੇ ''ਪਾਪਾਂ ਦੀ ਮਾਫ਼ੀ ਲਈ'' ਯਿਸੂ ਦੇ ਨਾਂਅ ਵਿਚ ਬਪਤਿਸਮੇ ਦਾ ਪ੍ਰਚਾਰ ਕੀਤਾ। [ਪਿਛਲੇ ਪਾਸੇ ''ਕਿਉਂ?'' ਦੇ ਬਾਅਦ ''ਪਾਪਾਂ ਦੀ ਮਾਫ਼ੀ (ਰਸੂਲਾਂ ਦੇ ਕੰਮ 2:38)'' ਲਿਖੋ। ਵੇਖੋ ਸਫ਼ਾ 145।] ਗਲਤ ਕਾਰਣ ਨਾਲ ਬਪਤਿਸਮਾ ਲੈਣਾ ਯਿਸੂ ਦਾ ਹੁਕਮ ਮੰਨਣਾ ਨਹੀਂ ਹੈ (ਇਬਰਾਨੀਆਂ 5:9)। ਕੋਈ ਮਾਂ-ਪਿਓ ਆਪਣੇ ਬੱਚੇ ਨੂੰ ਪਿੰਡ ਵਿਚ ਕਰਿਆਨੇ ਦਾ ਸਮਾਨ ਲੈਣ ਭੇਜਦੇ ਹਨ। ਜੇ ਉਹ ਬੱਚਾ ਪਿੰਡ ਵਿਚ ਜਾਵੇ ਪਰ ਸਮਾਨ ਨਾ ਲਿਆਵੇ, ਤਾਂ ਉਹ ਪਿੰਡ ਵਿਚ ਤਾਂ ਗਿਆ ਪਰ ਉਸ ਨੇ ਮਾਂ-ਪਿਓ ਦਾ ਹੁਕਮ ਨਹੀਂ ਮੰਨਿਆ। ਜੇ ਕੋਈ ਬਪਤਿਸਮਾ ਤਾਂ ਲੈ ਲੈਂਦਾ ਹੈ, ਪਰ ਉਸ ਨੇ ਸਹੀ ਕਾਰਣ ਲਈ ਬਪਤਿਸਮਾ ਨਹੀਂ ਲਿਆ ਹੈ ਤਾਂ ਉਸ ਨੇ ਯਿਸੂ ਦੇ ਹੁਕਮ ਨੂੰ ਨਹੀਂ ਮੰਨਿਆ।

ਬਪਤਿਸਮੇ ਵਿਚ *ਕੀ* ਵਰਤਿਆ ਜਾਣਾ ਚਾਹੀਦਾ ਹੈ? ਯਿਸੂ ਨੇ ਪਾਣੀ ਵਿਚ ਬਪਤਿਸਮਾ ਲਿਆ ਸੀ (ਮੱਤੀ 3:16)। ਹਬਸ਼ੀ ਖੋਜੇ ਨੇ ਪਾਣੀ ਵਿਚ ਬਪਤਿਸਮਾ ਲਿਆ ਸੀ (ਰਸੂਲਾਂ ਦੇ ਕੰਮ 8:36-39)। ਪਤਰਸ ਨੇ ਲੋਕਾਂ ਨੂੰ ਪਾਣੀ ਵਿਚ ਬਪਤਿਸਮਾ ਲੈਣ ਦਾ ਹੁਕਮ ਦਿੱਤਾ [ਰਸੂਲਾਂ ਦੇ ਕੰਮ 10:47] ਸੀ। [*ਪਿਛਲੇ ਪਾਸੇ* ''ਕੀ?'' ਦੇ ਬਾਅਦ ''ਪਾਣੀ'' (ਮੱਤੀ 3:16; ਰਸੂਲਾਂ ਦੇ ਕੰਮ 8:38, 39) ਲਿਖੋ। ਵੇਖੋ ਸਫ਼ਾ 145।]

ਬਪਤਿਸਮਾ *ਕਿਵੇਂ* ਦਿੱਤਾ ਜਾਂਦਾ ਸੀ? ਬਾਈਬਲ ਸਿਖਾਉਂਦੀ ਹੈ ਕਿ ਬਪਤਿਸਮੇ ਵਿਚ ਅਸੀਂ ''ਦਫ਼ਨਾਏ ਜਾ ਕੇ'' ''ਜੀ ਉੱਠਦੇ'' ਹਾਂ [*ਪਿਛਲੇ ਪਾਸੇ* ''ਦਫ਼ਨਾਏ ਗਏ, ਜੀ ਉੱਠੇ (ਰੋਮੀਆਂ 6:4; ਕੁਲੁੱਸੀਆਂ 2:12)'' ਲਿਖੋ। ਯਿਸੂ ਦੇ ਦਫ਼ਨਾਏ ਜਾਣ ਅਤੇ ਜੀ ਉੱਠਣ ਨਾਲ ਸਾਡੇ ਬਪਤਿਸਮੇ ਦੀ ਤੁਲਨਾ ਕਰਨ ਲਈ ਇਕ ਤਸਵੀਰ ਬਣਾਓ। ਵੇਖੋ ਸਫ਼ਾ 145।]

ਬਪਤਿਸਮਾ ਇਕ ਕਰਮਕਾਂਡ ਤੋਂ ਕਿਤੇ ਵੱਧ ਹੈ। ਬਪਤਿਸਮੇ ਵਿਚ ''ਨਵੀਂ ਜ਼ਿੰਦਗੀ'' ਵਿਚ ਜੀ ਉੱਠਣ ਤੋਂ ਪਹਿਲਾਂ ''ਪੁਰਾਣੀ ਜ਼ਿੰਦਗੀ'' ਦੀ *ਮੌਤ* ਹੋਣੀ ਜ਼ਰੂਰੀ ਹੈ (ਰੋਮੀਆਂ 6:4)। ਬਪਤਿਸਮੇ ਵਿਚ ਇਸ ਤਰ੍ਹਾਂ ਮਰਨ ਤੇ ਸਾਡੇ ''ਪਾਪ ਧੋਤੇ ਜਾਂਦੇ ਹਨ'' ਅਤੇ ਸਾਨੂੰ ''ਮਾਫ਼ ਕੀਤਾ'' ਜਾਂਦਾ ਹੈ। ਅਸੀਂ ਪੁਰਾਣੀ ਜ਼ਿੰਦਗੀ ਨੂੰ ਛੱਡ ਕੇ ਨਵੀਂ ਜ਼ਿੰਦਗੀ ਜਿਊਣ ਲਈ ਮਸੀਹ ਵਿਚ ਆ ਜਾਂਦੇ ਹਾਂ, ਅਤੇ ਹੁਣ ''ਗੁਆਚੇ ਹੋਏ'' ਨਹੀਂ ਬਲਕਿ ''ਬਚਾਏ ਹੋਏ'' ਬਣ ਜਾਂਦੇ ਹਾਂ। [*ਪਿਛਲੇ ਪਾਸੇ* ਇਨ੍ਹਾਂ ਗੱਲਾਂ ਨੂੰ ਲਿਖੋ। ਵੇਖੋ ਸਫ਼ਾ 145।]

ਇਸ ਭਾਗ ਵਿਚ ਅਸੀਂ ਕੀ ਸਿੱਖਿਆ ਹੈ? ਅਸੀਂ ਸਿੱਖਿਆ ਹੈ ਕਿ ਬਪਤਿਸਮੇ ਵਿਚ ਯਿਸੂ ਦੇ ਨਾਲ ਦਫ਼ਨਾਏ ਜਾ ਕੇ ਜੀ ਉੱਠਣ ਵਾਲੇ ਲੋਕ ਯਿਸੂ ਵਿਚ ਆਉਂਦੇ ਹਨ ਅਤੇ ਯਿਸੂ ਦੇ ਲਹੂ ਰਾਹੀਂ ਦਿੱਤੀਆਂ ਗਈਆਂ ਰੂਹਾਨੀ ਬਰਕਤਾਂ ਮਿਲਦੀਆਂ ਹਨ। ਯਿਸੂ ਤੋਂ ਬਾਹਰ ਰਹਿਣ ਵਾਲੇ ਲੋਕ ਯਿਸੂ ਦੇ ਬਿਨਾਂ ਹਨ ਇਸ ਲਈ ਓਹ ਇਨ੍ਹਾਂ ਬਰਕਤਾਂ ਤੋਂ ਮਹਿਰੂਮ ਹਨ।

## III. ਇੱਕੋ ਦੇਹ ਵਿਚ

ਭਾਗ I ਵਿਚ ਅਸੀਂ ਸਿੱਖਿਆ ਕਿ ਬਪਤਿਸਮਾ ਲੈਣ ਵਾਲਿਆਂ ਨੂੰ ਵਿਸ਼ਵਾਸੀਆਂ ਦੀ ਮੰਡਲੀ ਅਰਥਾਤ ਕਲੀਸੀਆ ਵਿਚ ਰਲਾ ਲਿਆ ਜਾਂਦਾ ਹੈ। ਇਸ ਭਾਗ ਵਿਚ ਅਸੀਂ ਇਸ ਵਿਚਾਰ ਨੂੰ ਦੁਬਾਰਾ ਇਕ ਹੋਰ ਦ੍ਰਿਸ਼ ਵਿਚ ਵੇਖਾਂਗੇ।

1. ਬਾਈਬਲ ਮਸੀਹ ਦੀਆਂ ਦੇਹੀਆਂ ਦੀ ਗਿਣਤੀ ਬਾਰੇ ਸਿਖਾਉਂਦੀ ਹੈ। ਮਸੀਹ ਦੀਆਂ *ਕਿੰਨੀਆਂ* ਦੇਹੀਆਂ ਹਨ? [ਰੋਮੀਆਂ 12:5 ਪੜ੍ਹੋ।] ਮਸੀਹ ਦੀਆਂ ਕਿੰਨੀਆਂ ਦੇਹਾਂ ਹਨ [ਖਾਲੀ

ਥਾਂ ਵਿਚ ''ਇੱਕੋ'' ਭਰੋ।]

2. ''ਦੇਹ'' ਸ਼ਬਦ ਦੀ ਵਰਤੋਂ ਲੋਕਾਂ ਦੀ ਜਮਾਤ, ਜਿਵੇਂ ''ਵਿਦਿਆਰਥੀਆਂ ਦੀ ਜਮਾਤ'' ਜਾਂ ''ਲੋਕਾਂ ਦੀ ਜਮਾਤ'' ਲਈ ਕੀਤੀ ਗਈ ਹੈ। ਮਸੀਹ ਵਿਚ ਇਕ ਦੇਹ ਅਰਥਾਤ ਲੋਕਾਂ ਦੀ ਜਮਾਤ ਕੌਣ ਹੈ? [ਕੁਲੁੱਸੀਆਂ 1:18, 24] ਇੱਕੋ ਦੇਹ *ਕੀ* ਹੈ? [ਖਾਲੀ ਥਾਂ ਵਿਚ ''ਕਲੀਸੀਆ'' ਭਰੋ।]

3. ਮਸੀਹ ਵਿਚ ਇੱਕੋ ਦੇਹ ਦਾ ਅੰਗ ਬਣਨ ਲਈ ਮਸੀਹ ਵਿਚ ਕਿਵੇਂ ਆਇਆ ਜਾ ਸਕਦਾ ਹੈ? ਭਾਗ II ਵਿਚ ਅਸੀਂ ਸਿੱਖਿਆ ਕਿ ਮਸੀਹ ਵਿਚ ਕਿਵੇਂ ਆਉਂਦੇ ਹਨ। 1 ਕੁਰਿੰਥੀਆਂ 12:13 ਉਹੀ ਸਚਿਆਈ ਸਿਖਾਉਂਦੀ ਹੈ [1 ਕੁਰਿੰਥੀਆਂ 12:13 ਪੜ੍ਹੋ।] ਅਸੀਂ ਇੱਕੋ ਦੇਹ ਵਿਚ ਕਿਵੇਂ ਆਉਂਦੇ ਹਾਂ? [ਖਾਲੀ ਥਾਂ ਵਿਚ ''ਬਪਤਿਸਮਾ ਲਿਆ'' ਭਰੋ।]

4. ਜੋ ਲੋਕ ਮਸੀਹ ਵਿਚ ਹਨ ਉਹ ਕਿਸ ਦੇ ਅੰਗ ਹਨ? [1 ਕੁਰਿੰਥੀਆਂ 12:27 ਪੜ੍ਹੋ।] ਫਿਰ ਅਸੀਂ *ਕੀ* ਹਾਂ [ਖਾਲੀ ਥਾਂ ਵਿਚ ''ਮਸੀਹ ਦੀ ਦੇਹ'' ਭਰੋ।] *ਦੇਹ* ਅਤੇ *ਕਲੀਸੀਆ* ਇੱਕੋ ਹੈ। ਇਸ ਲਈ, ਜੇ ਕੋਈ ਮਸੀਹ ਦੀ ਦੇਹ ਦਾ ਅੰਗ ਹੈ, ਤਾਂ ਉਹ *ਕਿਸ ਦੀ* ਕਲੀਸੀਆ ਦਾ ਮੈਂਬਰ ਹੋਵੇਗਾ? [ਖਾਲੀ ਥਾਂ ਵਿਚ ''ਕਲੀਸੀਆ'' ਭਰੋ।]

ਇਸ ਭਾਗ ਵਿਚ ਅਸੀਂ ਕੀ ਸਿੱਖਿਆ ਹੈ? ਅਸੀਂ ਸਿੱਖਿਆ ਕਿ ਮਸੀਹ ਵਿਚ ਬਪਤਿਸਮਾ ਲੈਣ ਤੇ ਅਸੀਂ ਮਸੀਹ ਦੀ ਦੇਹ ਦੇ ਅਰਥਾਤ ਮਸੀਹ ਦੀ ਕਲੀਸੀਆ ਦੇ ਮੈਂਬਰ ਜਾਂ ਅੰਗ ਬਣ ਜਾਂਦੇ ਹਾਂ।

**ਸਾਰ**

ਇਸ ਅਧਿਐਨ ਵਿਚ ਅਸੀਂ ਸਿੱਖਿਆ ਹੈ ਕਿ ਕੋਈ ਆਪਣੇ ਪਾਪਾਂ ਤੋਂ ਕਿਵੇਂ ਬਚਾਇਆ ਜਾਂਦਾ ਹੈ।

I. *ਕੀ ਤੁਸੀਂ ਇਹ ਗੱਲਾਂ ਕੀਤੀਆਂ ਹਨ?* ਕੀ ਤੁਸੀਂ ਸੁਣਿਆ ਅਤੇ ਸਿੱਖਿਆ ਹੈ, ਯਿਸੂ ਵਿਚ ਵਿਸ਼ਵਾਸ ਕੀਤਾ ਹੈ, ਤੌਬਾ ਕੀਤੀ ਹੈ, ਯਿਸੂ ਵਿਚ ਵਿਸ਼ਵਾਸ ਦਾ ਇਕਰਾਰ ਕੀਤਾ ਹੈ, ਅਤੇ ਬਪਤਿਸਮਾ ਲਿਆ ਹੈ? ਜੇ ਤੁਸੀਂ ਇਹ ਸਭ ਗੱਲਾਂ ਕੀਤੀਆਂ ਹਨ, ਤਾਂ ਤੁਹਾਨੂੰ ਆਪਣੇ ਪਾਪਾਂ ਤੋਂ ਮਾਫ਼ੀ ਮਿਲ ਚੁੱਕੀ ਹੈ, ਤੁਹਾਡੇ ਪਾਪ ਧੋ ਦਿੱਤੇ ਗਏ ਹਨ, ਤੁਸੀਂ ਬਚਾਏ ਗਏ ਹੋ, ਅਤੇ ਤੁਸੀਂ ਯਿਸੂ ਦੇ ਵਿਸ਼ਵਾਸੀਆਂ ਦੀ ਮੰਡਲੀ ਦੇ ਮੈਂਬਰ ਜਾਂ ਅੰਗ ਬਣ ਗਏ ਹੋ।

II. *ਕੀ ਤੁਸੀਂ ਮਸੀਹ ਵਿਚ ਹੋ?* ਜੇ ਹੋ, ਤਾਂ ਤੁਸੀਂ ਇਕ ਨਵੀਂ ਸਰਿਸ਼ਟ, ਪਾਪਾਂ ਤੋਂ ਮਾਫ਼ੀ ਪਾਏ ਹੋਏ, ਬਚਾਏ ਗਏ, ਸਦੀਪਕ ਜੀਵਨ ਅਤੇ ਸਭ ਰੂਹਾਨੀ ਬਰਕਤਾਂ ਪਾਏ ਹੋਏ ਹੋ। ਜੇ ਤੁਸੀਂ ਮਸੀਹ ਵਿਚ ਨਹੀਂ ਹੋ ਤਾਂ ਤੁਸੀਂ ਮਸੀਹ ਦੇ ਬਿਨਾਂ, ਆਸ ਦੇ ਬਿਨਾਂ ਅਤੇ ਖ਼ੁਦਾ ਦੇ ਬਿਨਾਂ ਹੋ।

ਕੋਈ ਯਿਸੂ ਵਿਚ ਕਿਵੇਂ ਆ ਸਕਦਾ ਹੈ? ਮਸੀਹ ਵਿਚ ਅਸੀਂ ਕਿੰਨੇ ਬਪਤਿਸਮੇ ਲੈ ਕੇ ਆਉਂਦੇ ਹਾਂ? ਕੀ ਤੁਸੀਂ ਉਹ ਇਕ ਬਪਤਿਸਮਾ ਲਿਆ ਹੈ? ਕੀ ਤੁਸੀਂ ਖ਼ੁਦਾ ਵੱਲੋਂ ਉਸ ਦੇ ਵਚਨ ਨਾਲ ਸਿਖਾਏ ਗਏ ਹੋ, ਤੁਸੀਂ ਯਿਸੂ ਵਿਚ ਵਿਸ਼ਵਾਸ ਕੀਤਾ ਹੈ, ਤੁਸੀਂ ਪਾਪਾਂ ਤੋਂ ਤੌਬਾ ਕੀਤੀ ਹੈ, ਯਿਸੂ ਦਾ ਇਕਰਾਰ ਕੀਤਾ ਹੈ ਅਤੇ ਬਪਤਿਸਮਾ ਲਿਆ ਹੈ (ਤੁਸੀਂ ਪਾਣੀ ਵਿਚ ਦਫ਼ਨਾਏ ਜਾ ਕੇ ਜੀ ਉੱਠੇ ਹੋ)? ਕੀ ਬਪਤਿਸਮਾ ਤੁਹਾਡੇ ਪਾਪਾਂ ਦੀ ਮਾਫ਼ੀ ਲਈ ਸੀ?

ਕੀ ਤੁਸੀਂ ਦੱਸ ਸਕਦੇ ਹੋ ਕਿ ਤੁਸੀਂ ਕਦੋਂ ਬਚਾਏ ਗਏ ਸੀ? ਕੀ ਤੁਸੀਂ ਕਿਸੇ ਬੇਦਾਰੀ ਦੀ ਸਭ ਵਿਚ ਅੱਗੇ ਗਏ ਸੀ? ਕੀ ਉਨ੍ਹਾਂ ਤੁਹਾਨੂੰ ਉਸ ਸਮੇਂ ਬਪਤਿਸਮਾ ਦਿੱਤਾ ਸੀ ਜਾਂ ਬਾਅਦ

ਵਿਚ ਲੈਣ ਲਈ ਕਿਹਾ ਸੀ? ਜੇ ਉਨ੍ਹਾਂ ਨੇ ਉਸ ਸਮੇਂ ਬਪਤਿਸਮਾ ਨਹੀਂ ਦਿੱਤਾ, ਤਾਂ ਇਹ ਮੰਨਿਆ ਹੋਵੇਗਾ ਕਿ ਬਪਤਿਸਮੇ ਦਾ ਕੋਈ ਮਹੱਤਵ ਨਹੀਂ ਹੈ। ਬਾਈਬਲ ਵਿਚ ਦੱਸਿਆ ਗਿਆ ਹੈ ਕਿ ਲੋਕਾਂ ਨੇ ਸਚਿਆਈ ਨੂੰ ਮੰਨ ਕੇ ਉਸ ਦਿਨ (ਰਸੂਲਾਂ ਦੇ ਕੰਮ 2;41), ਓਸੇ ਵੇਲੇ (ਰਸੂਲਾਂ ਦੇ ਕੰਮ 16:33), ਓਸੇ ਵੇਲੇ (ਰਸੂਲਾਂ ਦੇ ਕੰਮ 9: 18) ਬਪਤਿਸਮਾ ਲਿਆ ਸੀ।

ਬਚਾਏ ਜਾਣਾ ਨੰਬਰਾਂ ਵਾਲੇ ਤਾਲੇ ਵਾਂਗ ਹੈ ਜੋ ਇਕ ਨੰਬਰ ਮਿਲਾਉਣ ਨਾਲ ਨਹੀਂ ਖੁੱਲ੍ਹ ਸਕਦਾ। ਤਾਲਾ ਤਾਂ ਹੀ ਖੁਲ੍ਹੇਗਾ ਜੇ ਸਾਰੇ ਨੰਬਰਾਂ ਨੂੰ ਇਕ–ਇਕ ਕਰਕੇ ਮਿਲਾਇਆ ਜਾਵੇਗਾ। ਬਚਾਏ ਜਾਣ ਲਈ ਵੀ ਇਹੀ ਗੱਲ ਸੱਚ ਹੈ। ਅਸੀਂ ਤਦੇ ਬਚਾਏ ਜਾਂਦੇ ਹਾਂ ਜਦੋਂ ਅਸੀਂ ਬਚਾਏ ਜਾਣ ਦੀਆਂ ਸਭ ਸ਼ਰਤਾਂ ਨੂੰ ਪੂਰਾ ਕਰ ਲੈਂਦੇ ਹਾਂ, ਜੋ ਕਿ ਵਿਸ਼ਵਾਸ ਨਾਲ ਲਏ ਜਾਣ ਵਾਲੇ ਬਪਤਿਸਮੇ ਨੂੰ ਮੰਨ ਕੇ ਪੂਰੀਆਂ ਹੁੰਦੀਆਂ ਹਨ।

ਕੀ ਤੁਸੀਂ ਮਸੀਹ ਵਿਚ ਆਉਣਾ ਚਾਹੁੰਦੇ ਹੋ? ਆਉਣਾ ਚਾਹੁੰਦੇ ਹੋ, ਹੈ ਨਾ? ਕੀ ਤੁਸੀਂ ਮਸੀਹ ਲਈ ਨਵੀਂ ਜ਼ਿੰਦਗੀ ਜਿਉਣਾ ਚਾਹੁੰਦੇ ਹੋ? ਜੇ ਹਾਂ ਤਾਂ ਤੁਸੀਂ ਬਪਤਿਸਮਾ ਲੈ ਕੇ ਉਸ ਦੀ ਮੌਤ ਵਿਚ ਉਸ ਦੇ ਨਾਲ ਆਪਣੀ ਪਿਛਲੀ ਜ਼ਿੰਦਗੀ ਵੱਲੋਂ ਮਰ ਕੇ ਦਫ਼ਨਾਏ ਜਾ ਕੇ ਉਸ ਦੇ ਨਾਲ ਨਵੀਂ ਜ਼ਿੰਦਗੀ ਜਿਉਣ ਲਈ ਜੀ ਕਿਉਂ ਨਹੀਂ ਉੱਠਦੇ?

III. *ਕੀ ਤੁਸੀਂ ਉਸ ਦੀ ਦੇਹ ਵਿਚ ਹੋ?* ਯਿਸੂ ਸਾਨੂੰ ਕਿੰਨੀਆਂ ਦੇਹਾਂ ਦੇ ਅੰਗ ਬਣਾਉਣਾ ਚਾਹੁੰਦਾ ਹੈ?

ਕੀ ਤੁਸੀਂ ਮਸੀਹ ਦੀ ਦੇਹ ਅਰਥਾਤ ਮਸੀਹ ਦੀ ਕਲੀਸੀਆ ਦੇ ਅੰਗ ਜਾਂ ਮੈਂਬਰ ਬਣਨਾ ਚਾਹੁੰਦੇ ਹੋ? ਯਿਸੂ ਦੇ ਚੇਲੇ ਬਣ ਕੇ ਤੁਸੀਂ ਉਸ ਦੀ ਕਲੀਸੀਆ ਵਿਚ ਕਿਉਂ ਨਹੀਂ ਆਉਂਦੇ? ਹੁਣੇ ਬਪਤਿਸਮਾ ਕਿਉਂ ਨਹੀਂ ਲੈ ਲੈਂਦੇ?